ਦਫ਼ਤਰ ਡਾਇਰੈਕਟਰ ਰਾਜ ਵਿਦਿਅਕ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਪੰ:ਸ:ਸਿ:ਬੋ: ਕੰਪਲੈਕਸ, ਫੇਜ-8, ਐਸ.ਏ.ਐਸ.ਨਗਰ, ਮੁਹਾਲੀ
ਫੋਨ ਨੰ: 0172-2212221, ਈਮੇਲ: directorscert@yahoo.in

ਵੱਲ,

ਸਮੂਹ ਪ੍ਰਿੰਸੀਪਲਜ਼
ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ
ਪੰਜਾਬ ਰਾਜ।

ਮੀਮੋ ਨੰ: 3/5-2017 ਐਫੀ (3)
ਮਿਤੀ : ਐਸ.ਏ.ਐਸ. ਨਗਰ

ਵਿਸ਼ਾ: ਐਸ.ਸੀ.ਈ.ਆਰ.ਟੀ ਅਧੀਨ ਡਾਇਟਾਂ ਵਿੱਚ ਡੀ.ਐਲ.ਐਡ. ਕੋਰਸ ਕਰਨ ਵਾਲੇ ਸਿੱਖਿਆਰਥੀਆਂ ਦੀ ਮਾਈਗ੍ਰੇਸ਼ਨ ਕਰਨ ਸਬੰਧੀ **ਪਾਲਿਸੀ 2018**।

ਉਪਰਕੋਤ ਵਿਸ਼ੇ ਤੇ ਸਰਕਾਰ ਵੱਲੋਂ ਮੀਮੋ ਨੰ: 11/4/2012-5ਸਿੰ7 / 1329166 ਮਿਤੀ 8-10-2018 ਅਨੁਸਾਰ ਜਾਰੀ ਕੀਤੀ ਗਈ **ਮਾਈਗ੍ਰੇਸ਼ਨ ਪਾਲਿਸੀ 2018** ਜਾਰੀ ਕਰਨ ਦੀ ਮਿਤੀ ਤੋਂ ਲਾਗੂ ਹੋ ਗਈ ਹੈ। ਸਮੂਹ ਡਾਇਟ ਪ੍ਰਿੰਸੀਪਲਜ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਮਾਈਗ੍ਰੇਸ਼ਨ ਪਾਲਿਸੀ 2018 ਨੂੰ ਇੰਨ ਬਿੰਨ ਲਾਗੂ ਕਰਦੇ ਹੋਏ ਸਬੰਧਤ ਸੰਸਥਾਵਾਂ ਵਿੱਚ ਪਾਲਿਸੀ ਅਨੁਸਾਰ ਮਿਤੀ 25-10-2018 ਨੂੰ ਖਾਲੀ ਸੀਟਾਂ ਸਬੰਧੀ ਵੇਰਵਾ ਕੈਟਾਗਰੀ ਅਨੁਸਾਰ ਡਾਇਰੈਕਟੋਰੇਟ ਨੂੰ ਮਿਤੀ 26-10-2018 ਨੂੰ 10 ਵਜੇ ਤੱਕ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕਰਨਾ ਯਕੀਨੀ ਬਣਾਇਆ ਜਾਵੇ । ਇਸ ਕੰਮ ਵਿੱਚ ਕੋਈ ਕੁਤਾਹੀ ਨਾ ਵਰਤੀ ਜਾਵੇ। ਆਪਸੀ ਮਾਈਗ੍ਰੇਸ਼ਨ ਕਰਵਾਉਣ ਬਾਰੇ ਸਿੱਖਿਆਰਥੀਆਂ ਦੀਆਂ ਪ੍ਰਤੀਬੇਨਤੀਆਂ ਨਵੀਂ ਪਾਲਿਸੀ ਅਨੁਸਾਰ ਕੈਟਾਗਰੀ ਵਾਈਜ਼ ਹੀ ਪ੍ਰਤੀ ਹਸਤਾਖਰ ਕਰਨ ਉਪਰੰਤ ਵਿਭਾਗ ਦੀ ਸਾਈਟ ਤੇ ਅਪਲੋਡ / ਈ.ਮੇਲ ਕਰਨਾ ਯਕੀਨੀ ਬਣਾਉਣਗੇ। ਇਨ੍ਹਾਂ ਦੀ ਹਾਰਡ ਕਾਪੀ ਵੀ ਭੇਜੀ ਜਾਣੀ ਯਕੀਨੀ ਬਣਾਉਣਗੇ।

ਨਵੀਂ ਮਾਈਗ੍ਰੇਸ਼ਨ ਪਾਲਿਸੀ ਸਬੰਧੀ ਪੜ੍ਹਦੇ ਸਿੱਖਿਆਰਥੀਆਂ ਦੀ ਜਾਣਕਾਰੀ ਸਬੰਧੀ ਕਾਪੀ ਨੋਟਿਸ ਬੋਰਡ ਤੇ ਲਗਾਈ ਜਾਵੇ ਅਤੇ ਵਾਧੂ ਜਾਣਕਾਰੀ ਕਲਾਸ ਇੰਚਾਰਜ ਵੱਲੋਂ ਮੁਹੱਈਆ ਕਰਵਾਈ ਜਾਵੇ। ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ।

ਨੱਥੀ:ਕਾਪੀ (2 ਪੰਨੇ)

ਸਹਾਇਕ ਡਾਇਰੈਕਟਰ (ਐਫੀਲਿਏਸ਼ਨ)

ਪਿੱਠ ਅੰਕਣ ਨੰ: ਉਹੀ                    ਮਿਤੀ : ਐਸ.ਏ.ਐਸ. ਨਗਰ 12\10\2018

ਉਪਰਕੋਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ

1) ਡੀ.ਐਮ (ਐਮ.ਆਈ.ਐਸ. ) ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਵਿਸ਼ਾ ਅੰਕਿਤ ਨਵੀਂ ਮਾਈਗ੍ਰੇਸ਼ਨ ਪਾਲਿਸੀ 2018 ਦੀ ਕਾਪੀ ਨੂੰ ਐਸ.ਐਸ.ਏ. ਦੀ ਵੈਬਸਾਈਟ ਤੇ ਅਪਲੋਡ ਕਰਨ ਅਤੇ ਨਵਾਂ ਪੋਰਟਲ ਬਣਾਉਣ ਲਈ ਕਾਰਵਾਈ ਕੀਤੀ ਜਾਵੇ।
2) ਪੰਜਾਬ ਸਰਕਾਰ ਸਿੱਖਿਆ ਵਿਭਾਗ (ਸਿੱ-7 ਸ਼ਾਖਾ) ਦੇ ਪੱਤਰ ਨੰ: 11/4/2012-5ਸਿੰ7/ 1329166 ਮਿਤੀ 8-10-2018 ਅਤੇ ਪੱਤਰ ਨੰ: 11/4/12 - 5 ਸਿੰ7 /1331388 /1 ਮਿਤੀ 11-10-2018 ਦੇ ਸਬੰਧ ਵਿੱਚ।

Gulati 12.10.18

ਸਹਾਇਕ ਡਾਇਰੈਕਟਰ (ਐਫੀਲਿਏਸ਼ਨ)

150/ਸ਼ਾ(3)
11/10/18

519
11/10/18

ਪੰਜਾਬ ਸਰਕਾਰ

ਸਿੱਖਿਆ ਵਿਭਾਗ

(ਸਿੱਖਿਆ -7 ਸ਼ਾਖਾ)

9-10/2018
11/10/18

ਮੀਮੋ ਨੰ: 11/4/2012-5ਸਿ7/ ਮਿਤੀ 1108 9-10-18

Supdt Affs (3)

## ਨੋਟਿਫਿਕੇਸ਼ਨ

## ਸਿੱਖਿਆਰਥੀਆਂ ਦੀ ਮਾਈਗ੍ਰੇਸ਼ਨ ਕਰਨ ਲਈ ਪਾਲਿਸੀ-2018

ਪੰਜਾਬ ਰਾਜ ਵਿਚ ਡੀ.ਐਲ.ਐਡ.ਕੋਰਸ ਕਰਨ ਲਈ ਉਮੀਦਵਾਰਾਂ ਤੋਂ ਦਾਖਲੇ ਸਬੰਧੀ ਆਨਲਾਈਨ ਅਰਜੀਆਂ ਮੰਗੀਆਂ ਜਾਂਦੀਆਂ ਹਨ ਅਤੇ ਆਨਲਾਈਨ ਹੀ ਉਨ੍ਹਾਂ ਦੀ ਕਾਊਸਲਿੰਗ ਕੀਤੀ ਜਾਂਦੀ ਹੈ। ਮੈਰਿਟ ਅਨੁਸਾਰ ਉਨ੍ਹਾਂ ਨੂੰ ਵੱਖ-ਵੱਖ ਡਾਇਟਾਂ ਵਿਚ ਸੀਟਾਂ ਅਲਾਟ ਕੀਤੀਆਂ ਜਾਂਦੀਆ ਹਨ । ਇਸ ਪ੍ਰੀਕਿਰਿਆ ਵਿਚ ਕਈ ਵਾਰ ਸਿਖਿਆਰਥੀਆਂ ਨੂੰ ਆਪਣੇ ਘਰ ਤੋਂ ਕਾਫੀ ਦੂਰ ਦੁਰਾਡੇ ਦੀ ਡਾਇਟਾਂ ਵਿਚ ਸੀਟਾਂ ਅਲਾਟ ਹੋ ਜਾਂਦੀਆਂ ਹਨ।ਜਿਸ ਨਾਲ ਵਿਭਾਗ ਕੋਲ ਉਨ੍ਹਾਂ ਦੀਆਂ ਮਾਈਗਰੇਸ਼ਨ ਸਬੰਧੀ ਪ੍ਰਤੀ ਬੇਨਤੀਆਂ ਵੱਖ-ਵੱਖ ਸਾਧਨਾਂ ਰਾਹੀਂ ਪ੍ਰਾਪਤ ਹੁੰਦੀਆਂ ਹਨ ਅਤੇ ਇਹ ਪ੍ਰੀਕਿਰਿਆ ਤਕਰੀਬਨ-ਤਕਰੀਬਨ ਪੂਰਾ ਸਾਲ ਹੀ ਚਾਲੂ ਰਹਿੰਦੀ ਹੈ ਜਿਸ ਨੂੰ ਤਰਕਸੰਗਤ ਬਣਾਉਣ ਲਈ ਇਕ ਮਾਈਗਰੇਸ਼ਨ ਪਾਲਿਸੀ ਹੇਠ ਲਿਖੇ ਅਨੁਸਾਰ ਤਿਆਰ ਕੀਤੀ ਗਈ ਹੈ :-

1) ਪੰਜਾਬ ਰਾਜ ਦੀ ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਵਾਂ (ਡਾਈਟਾਂ) ਵਿੱਚ ਡੀ.ਐਲ.ਐਡ. ਕੋਰਸ ਕਰਨ ਵਾਲੇ ਸਿੱਖਿਆਰਥੀਆਂ ਨੂੰ ਉਨ੍ਹਾਂ ਦੇ ਘਰ ਦੇ ਨੇੜੇ ਵਿੱਦਿਅਕ ਸਹੂਲਤਾਂ ਮੁਹੱਈਆ ਕਰਵਾਉਣਾ ਯਕੀਨੀ ਬਣਾਉਣ ਲਈ ਵਿਭਾਗ ਵੱਲੋਂ ਨਿਯਮਤ ਮਾਈਗ੍ਰੇਸ਼ਨ ਪਾਲਿਸੀ ਲਾਗੂ ਕਰਨ ਦੀ ਲੋੜ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਪਾਲਿਸੀ ਬਣਾਈ ਗਈ ਹੈ।
2) ਇਸ ਪਾਲਿਸੀ ਅਧੀਨ ਐਸ.ਸੀ.ਈ.ਆਰ.ਟੀ. ਨਾਲ ਐਫੀਲੇਟਿਡ ਸੈਲਫ ਫ਼ਾਈਨਾਂਸਡ (ਪ੍ਰਾਈਵੇਟ) ਕਾਲਜਾਂ ਦੇ ਸਿੱਖਿਆਰਥੀਆਂ ਦੀ ਕੋਈ ਮਾਈਗ੍ਰੇਸ਼ਨ ਨਹੀਂ ਕੀਤੀ ਜਾਵੇਗੀ।
3) ਇਸ ਪਾਲਿਸੀ ਅਧੀਨ ਡੀ.ਐਲ.ਐਡ. ਕੋਰਸ ਵਿੱਚ ਪਹਿਲੇ ਸਾਲ (ਪਹਿਲੇ ਸਮੈਸਟਰ) ਵਿੱਚ ਡਾਈਟਾਂ ਵਿੱਚ ਦਾਖਲ ਹੋਣ ਵਾਲੇ ਸਿੱਖਿਆਰਥੀਆਂ ਦੀ ਹੀ ਮਾਈਗ੍ਰੇਸ਼ਨ ਕੀਤੀ ਜਾਵੇਗੀ।ਦੂਜੇ ਸਾਲ ਦੇ ਸਿੱਖਿਆਰਥੀਆਂ ਦੀ ਮਾਈਗ੍ਰੇਸ਼ਨ ਨਹੀਂ ਕੀਤੀ ਜਾਵੇਗੀ।
4) ਇਹ ਪਾਲਿਸੀ ਆਪਸੀ ਅਤੇ ਸਿੰਗਲ ਮਾਈਗ੍ਰੇਸ਼ਨ ਦੇ ਕੇਸਾਂ ਤੇ ਲਾਗੂ ਹੋਵੇਗੀ।
5) ਸਿੰਗਲ ਮਾਈਗ੍ਰੇਸ਼ਨ ਨਿਰੋਲ ਮੈਰਿਟ ਦੇ ਅਧਾਰ ਤੇ ਕੀਤੀ ਜਾਵੇਗੀ, ਜਿਵੇਂ ਕਿ ਕਿਸੇ ਕੈਟਾਗਰੀ ਵਿੱਚ ਵੱਧ ਪ੍ਰਤੀਬੇਨਤੀਆਂ ਪ੍ਰਾਪਤ ਹੋਣ ਦੀ ਸੂਰਤ ਵਿੱਚ ਮੈਰਿਟ ਦੇ ਆਧਾਰ ਤੇ ਮਾਈਗ੍ਰੇਸ਼ਨ ਕੀਤੀ ਜਾਵੇਗੀ।
6) ਮਾਈਗ੍ਰੇਸ਼ਨ ਦੇ ਚਾਹਵਾਨ ਸਿੱਖਿਆਥੀਆਂ ਦੀ ਸੁਵਿੱਧਾ ਲਈ ਕੋਰਸ ਦੇ ਪਹਿਲੇ ਸਾਲ (ਪਹਿਲੇ ਸਮੈਸਟਰ) ਵਿੱਚ ਦਾਖਲੇ ਉਪਰੰਤ, ਵੱਖ-ਵੱਖ ਡਾਈਟਾਂ ਵਿੱਚ ਮਿਤੀ 25 ਅਕਤੂਬਰ ਤੱਕ ਉਪਲੱਬਧ ਖਾਲੀ ਸੀਟਾਂ ਦਾ ਵੇਰਵਾ ਦਿੰਦੇ ਹੋਏ ਇੱਕ ਪਬਲਿਕ ਨੋਟਿਸ ਵਿਭਾਗ ਦੀ ਵੈਬਸਾਈਟ ਤੇ 31 ਅਕਤੂਬਰ ਤੱਕ ਜਾਰੀ ਕੀਤਾ ਜਾਵੇਗਾ ਜਿਸ ਵਿੱਚ ਕੈਟਾਗਰੀ ਵਾਈਜ਼ ਖਾਲੀ ਸੀਟਾਂ ਦਾ ਵੇਰਵਾ ਦੱਸਿਆ ਜਾਵੇਗਾ।
7) ਜਿਨ੍ਹਾਂ ਸਿੱਖਿਆਰਥੀਆਂ ਨੇ ਮਾਈਗ੍ਰੇਸ਼ਨ ਕਰਾਉਣੀ ਹੋਵੇਗੀ, ਉਨ੍ਹਾਂ ਵੱਲੋਂ ਮਿਤੀ 10 ਨਵੰਬਰ ਤੱਕ ਆਨ-ਲਾਈਨ ਅਪਲਾਈ ਕੀਤਾ ਜਾਵੇਗਾ।
8) ਮਾਈਗ੍ਰੇਸ਼ਨ ਕੈਟਾਗਰੀ ਅਨੁਸਾਰ ਹੀ ਕੀਤੀ ਜਾਵੇਗੀ। ਭਾਵ ਕਿ ਜੇਕਰ ਕਿਸੇ ਡਾਈਟ ਵਿੱਚ ਜਨਰਲ ਕੈਟਾਗਰੀ ਦੀ ਸੀਟ ਖਾਲੀ ਹੋਵੇਗੀ ਤਾਂ ਉਸ ਸੀਟ ਤੇ ਜਨਰਲ ਕੈਟਾਗਰੀ ਸਿੱਖਿਆਰਥੀ ਦੀ ਹੀ ਮਾਈਗ੍ਰੇਸ਼ਨ ਕੀਤੀ ਜਾਵੇਗੀ। ਇਸ ਤਰ੍ਹਾਂ ਹੀ ਬਾਕੀ ਐਸ.ਸੀ. ਕੈਟਾਗਰੀ ਦੀ ਖਾਲੀ ਸੀਟ ਤੇ ਐਸ.ਸੀ. ਸਿੱਖਿਆਰਥੀ, ਬੀ.ਸੀ. ਕੈਟਾਗਰੀ ਦੀ ਸੀਟ ਤੇ ਬੀ.ਸੀ. ਸਿੱਖਿਆਰਥੀ, ਐਕਸ ਸਰਵਿਸਮੈਨ ਦੀ ਸੀਟ ਤੇ ਐਕਸ ਸਰਵਿਸਮੈਨ, ਫਰੀਡਮਫਾਈਟਰ ਕੈਟਾਗਰੀ ਦੀ ਸੀਟ ਤੇ ਫਰੀਡਮਫਾਈਟਰ ਸਿੱਖਿਆਰਥੀ ਦੀ ਅਤੇ ਹੈਂਡੀਕੈਪਡ ਕੈਟਾਗਰੀ ਦੀ ਸੀਟ ਤੇ ਹੈਂਡੀਕੈਪਡ ਸਿੱਖਿਆਰਥੀ ਦੀ ਹੀ ਮਾਈਗ੍ਰੇਸ਼ਨ ਕੀਤੀ ਜਾਵੇਗੀ।

Scanned by CamScanner

9) ਆਪਸੀ ਮਾਈਗ੍ਰੇਸ਼ਨ ਦੇ ਕੇਸਾਂ ਵਿੱਚ ਦੋਵੇਂ ਸਿੱਖਿਆਰਥੀਆਂ ਦੀ ਸਬੰਧਤ ਸੰਸਥਾ ਮੁਖੀ ਵੱਲੋਂ ਪ੍ਰਤੀ ਹਸਤਾਖਰ ਲਿਖਤੀ ਸਹਿਮਤੀ ਲੈਣ ਤੇ ਹੀ ਮਾਈਗ੍ਰੇਸ਼ਨ ਕੀਤੀ ਜਾਵੇਗੀ।

10) ਸਰਕਾਰ ਕੋਲ ਅਖਤਿਆਰ ਹੋਵੇਗਾ ਕਿ ਹੈਂਡੀਕੈਪਡ ਅਤੇ ਗੰਭੀਰ (ਕਰੋਨਿਕ) ਰੋਗਾਂ ਤੋਂ ਪੀੜਤ ਸਿੱਖਿਆਰਥੀਆਂ ਨੂੰ ਤਰਜੀਹ ਦਿੱਤੀ ਜਾਵੇਗੀ।

11) ਲੰਬੀ ਗੈਰਹਾਜ਼ਰੀ ਵਾਲੇ ਸਿੱਖਿਆਰਥੀਆਂ ਨੂੰ ਮਾਈਗ੍ਰੇਸ਼ਨ ਲਈ ਨਹੀਂ ਵਿਚਾਰਿਆ ਜਾਵੇਗਾ।

12) ਇਹ ਪਾਲਿਸੀ ਜਾਰੀ ਹੋਣ ਦੀ ਮਿਤੀ ਤੋਂ ਲਾਗੂ ਹੋਵੇਗੀ।

13) ਜੇਕਰ ਕੋਈ ਨੁਕਤਾ ਉਕਤ ਪਾਲਿਸੀ ਵਿੱਚ ਸ਼ਾਮਿਲ ਹੋਣ ਤੋਂ ਰਹਿ ਗਿਆ ਹੋਵੇ ਤਾਂ ਸਰਕਾਰ ਪੱਧਰ ਤੇ ਫੈਸਲਾ ਲੈਣ ਉਪਰੰਤ ਸ਼ਾਮਿਲ ਕੀਤਾ ਜਾਵੇਗਾ।

ਕ੍ਰਿਸ਼ਨ ਕੁਮਾਰ

ਸਕੱਤਰ, ਪੰਜਾਬ ਸਰਕਾਰ,

ਮਿਤੀ , ਚੰਡੀਗੜ੍ਹ: ਸਕੂਲ ਸਿੱਖਿਆ ਵਿਭਾਗ।

ਪਿ.ਅੰ.ਨੰ:11/4/2012-5ਸਿ7/ ਮਿਤੀ, ਚੰਡੀਗੜ੍ਹ:

ਇਸ ਦਾ ਇਕ ਉਤਾਰਾ ਕੰਟਰੋਲਰ , ਪ੍ਰਿੰਟਿੰਗ ਅਤੇ ਸਟੇਸ਼ਨਰੀ ਪੰਜਾਬ ਚੰਡੀਗੜ੍ਹ ਨੂੰ ਇਸ ਨੋਟਿਫਿਕੇਸ਼ਨ ਨੂੰ ਪੰਜਾਬ ਸਰਕਾਰ ਦੇ ਗਜ਼ਟ ਵਿਚ ਛਪਵਾਉਣ ਲਈ ਅਤੇ ਵਿਭਾਗ ਦੀ ਦਫਤਰੀ ਵਰਤੋਂ ਲਈ ਲਈ 50 ਕਾਪੀਆਂ ਭੇਜਣ ਲਈ ਕੀਤਾ ਜਾਂਦਾ ਹੈ ।

ਅਧੀਨ ਸਕੱਤਰ ਸਕੂਲ ਸਿੱਖਿਆ ।

ਪਿ.ਅੰ.ਨੰ: 11/4/2012-5ਸਿ7/13ਨ9166/4 ਮਿਤੀ, ਚੰਡੀਗੜ੍ਹ: 9/10/18

ਇਸ ਦਾ ਇਕ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ :-

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ , ਮੋਹਾਲੀ ,ਪੰਜਾਬ।
2. ਡਾਇਰੈਕਟਰ ਐਸ.ਸੀ.ਈ.ਆਰ.ਟੀ.ਪੰਜਾਬ , ਵਿੱਦਿਆ ਭਵਨ, ਪੀ.ਐਸ.ਈ.ਬੀ.ਕੰਪਲੈਕਸ, ਬਲਾਕ -ਈ, 6ਵੀ ਮੰਜਿਲ, ਸੈਕਟਰ 62, ਮੋਹਾਲੀ।
3. ਡਾਇਰੈਕਟਰ ਸਿੱਖਿਆ ਵਿਭਾਗ (ਸੈਕੰਡਰੀ ਸਿੱਖਿਆ ), ਪੰਜਾਬ ਮੋਹਾਲੀ।
4. ਡਾਇਰੈਕਟਰ ਸਿੱਖਿਆ ਵਿਭਾਗ (ਐਲੀਮੈਂਟਰੀ ਸਿੱਖਿਆ ), ਪੰਜਾਬ ਮੋਹਾਲੀ।

ਅਧੀਨ ਸਕੱਤਰ ਸਕੂਲ ਸਿੱਖਿਆ ।

ਪਿ.ਅੰ.ਨੰ: 11/4/2012-5ਸਿ7/ ਮਿਤੀ, ਚੰਡੀਗੜ੍ਹ:

ਇਸ ਦਾ ਇਕ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ :-

ਸੀ.ਸੀ.

1. ਨਿੱਜੀ ਸਕੱਤਰ/ਸਿੱਖਿਆ ਮੰਤਰੀ , ਪੰਜਾਬ।
2. ਨਿੱਜੀ ਸਹਾਇਕ/ਡਾਇਰੈਕਟਰ ਜਨਰਲ ਸਕੂਲ ਸਿੱਖਿਆ , ਪੰਜਾਬ।
3. ਨਿੱਜੀ ਸਹਾਇਕ/ਸਕੱਤਰ ਸਕੂਲ ਸਿੱਖਿਆ ਪੰਜਾਬ।
4. ਨਿਜੀ ਸਹਾਇਕ/ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ ਪੰਜਾਬ।
5. ਨਿਜੀ ਸਹਾਇਕ/ਅਧੀਨ ਸਕੱਤਰ ਸਕੂਲ ਸਿੱਖਿਆ ਪੰਜਾਬ।

ਸੁਪਰਡੈਂਟ

Scanned by CamScanner